ਨੰ:1/3/98-ਰਸ1/268

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸਨ ਸੈਲ)

ਮਿਤੀ, ਚੰਡੀਗੜ੍ਹ 25-3-2011

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਅਤੇ ਸ਼ੈਸਨ ਜੱਜ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ(ਸ), ਪੰਜਾਬ।

ਵਿਸ਼ਾ:- ਵਿਮੁਕਤ ਜਾਤੀਆਂ ਅਤੇ ਬਾਜੀਗਰਾਂ ਨੂੰ ਰਿਜਰਵੇਸ਼ਨ ਦੇਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱ.ਨੰ:1/3/98-ਰਸ1/948 ਮਿਤੀ 20-12-2001 ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਂਹੀ ਆਪ ਨੂੰ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ/ਬਾਜੀਗਰਾਂ ਨੂੰ ਰਾਖਵਾਂਕਰਨ ਉਪਲੱਬਧ ਕਰਵਾਉਣ ਲਈ ਬਾਲਮੀਕੀ/ਮਜਬੀਆਂ, ਜਿਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦਾ 50% ਹਿੱਸਾ ਪਹਿਲ ਦੇ ਅਧਾਰ ਤੇ ਮਿਲਦਾ ਹੈ, ਦੇ ਕੋਟੇ ਅਤੇ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀ ਦੇ ਖਿਡਾਰੀਆਂ ਦੇ ਕੋਟੇ ਵਿੱਚੋ ਨਾ ਭਰੀਆਂ ਬਾਕੀ ਅਸਾਮੀਆਂ ਵਿਮੁਕਤ ਜਾਤੀਆਂ ਵਿਚੋ ਪਹਿਲ ਦੇ ਅਧਾਰ ਤੇ ਭਰੀਆਂ ਜਾਣ, ਪ੍ਰੰਤੂ ਇਸ ਤਰ੍ਹਾਂ ਕੀਤੀ ਗਈ ਰਿਜਰਵੇਸ਼ਨ 2% ਤੋ ਵੱਧ ਨਹੀ ਹੋਵੇਗੀ। ਇਹ ਵੀ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ/ਬਾਜੀਗਰ ਬਰਾਦਰੀ ਦੇ ਯੋਗ ਉਮੀਦਵਾਰ ਉਪਲੱਬਧ ਨਾ ਹੋਣ ਤੇ ਇਹ ਅਸਾਮੀਆਂ ਅਨੁਸੂਚਿਤ ਜਾਤੀ ਨਾਲ ਸਬੰਧਤ ਦੂਸਰੇ ਉਮੀਦਵਾਰਾਂ ਰਾਂਹੀ ਭਰੀਆਂ ਜਾਣਗੀਆਂ। ਕਈ ਵਿਭਾਗਾਂ ਵੱਲੋ ਸਰਕਾਰ ਦੁਆਰਾ ਇਨ੍ਹਾਂ ਜਾਤੀਆਂ ਲਈ ਨਿਰਧਾਰਤ ਕੀਤੀ ਗਈ ਰਿਜਰਵੇਸ਼ਨ ਦਾ ਲਾਭ ਉਨ੍ਹਾਂ ਨੂੰ ਨਹੀ ਦਿੱਤਾ ਜਾ ਰਿਹਾ ਹੋਣ ਕਰਕੇ ਇਸ ਸਬੰਧ ਵਿੱਚ ਸਰਕਾਰ ਵੱਲੋ ਵਿਮੁਕਤ ਜਾਤੀਆਂ ਅਤੇ ਬਾਜੀਗਰਾਂ ਨੂੰ ਰਿਜਰਵੇਸ਼ਨ ਦੇਣ ਲਈ ਬਣਾਈ ਗਈ ਨੀਤੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਣ ਬਾਰੇ ਪੱ.ਨੰ:1/3/98-ਰਸ1/962 ਮਿਤੀ 22.07.2008 ਰਾਂਹੀ ਮੁੜ ਲਿਖਿਆ ਗਿਆ।

2. ਵਿਮੁਕਤ ਜਾਤੀਆਂ ਅਤੇ ਬਾਜੀਗਰ ਬਰਾਦਰੀ ਦੇ ਨੁਮਾਇੰਦਿਆਂ ਵੱਲੋ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਵਿਭਾਗਾਂ ਵੱਲੋ ਸਰਕਾਰ ਦੁਆਰਾ ਇਨ੍ਹਾਂ ਜਾਤੀਆਂ ਲਈ ਉਕਤ ਪੱਤਰਾਂ ਰਾਂਹੀ ਨਿਰਧਾਰਤ ਕੀਤੀ ਗਈ ਰਿਜਰਵੇਸ਼ਨ ਦਾ ਲਾਭ ਉਨ੍ਹਾਂ ਨੂੰ ਨਹੀ ਦਿੱਤਾ ਜਾ ਰਿਹਾ, ਭਾਵ ਸਰਕਾਰ ਵੱਲੋ ਜਾਰੀ ਉਕਤ ਪੱਤਰਾਂ ਦੀ ਇੰਨ-ਬਿੰਨ ਅਮਲੀ ਰੂਪ ਵਿੱਚ ਪਾਲਣਾ ਨਹੀ ਹੋ ਰਹੀ। ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋ ਵਿਮੁਕਤ ਜਾਤੀਆਂ ਅਤੇ ਬਾਜੀਗਰਾਂ ਨੂੰ ਰਿਜਰਵੇਸ਼ਨ ਦੇਣ ਲਈ ਬਣਾਈ ਗਈ ਨੀਤੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸੰਯੁਕਤ ਸਕੱਤਰ, ਭਲਾਈ

ਚਲਦਾ-2

ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਇਸ ਵਿਭਾਗ ਦੇ ਅੰ.ਵਿ.ਪੱ. ਨੰ:1/3/98-ਰਸ1/949 ਮਿਤੀ 20.12.2001 ਅਤੇ ਅੰ.ਵਿ.ਪੱ. ਨੰ:1/3/98-ਰਸ1/963 ਮਿਤੀ 22.07.2008 ਦੇ ਹਵਾਲੇ ਵਿੱਚ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ।

ਅੰ.ਵਿ.ਪੱ. ਨੰ:1/3/98-ਰਸ1/269 ਮਿਤੀ **25.03.2011**